**ਨਿਊਜ਼** ਰਿਲੀਜ਼

# ਪਰਵਾਸੀ ਔਰਤਾਂ ਲਈ ਰੁਜ਼ਗਾਰ ਸੰਬੰਧੀ ਰੁਕਾਵਟਾਂ ਨੂੰ ਦੂਰ ਕਰਨਾ

08 ਮਾਰਚ, 2023

## ਅਲਬਰਟਾ ਅਤੇ ਕੈਨੇਡਾ ਦੀਆਂ ਸਰਕਾਰਾਂ ਸੂਬੇ ਦੇ ਵੱਧ ਰਹੇ ਲਾਇਸੰਸਸ਼ੁਦਾ ਬਾਲ ਦੇਖਭਾਲ ਦੇ ਖੇਤਰ ਵਿੱਚ ਪਰਵਾਸੀ ਔਰਤਾਂ ਲਈ ਨੌਕਰੀਆਂ ਤੱਕ ਪਹੁੰਚ ਵਧਾ ਰਹੀਆਂ ਹਨ।

ਸੁਰੱਖਿਅਤ, ਚੰਗੀ ਗੁਣਵੱਤਾ ਵਾਲੀ ਅਤੇ ਕਿਫਾਇਤੀ ਬਾਲ ਦੇਖਭਾਲ ਤੱਕ ਪਹੁੰਚ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ ਕਿ ਅਲਬਰਟਾ ਵਾਸੀ ਮਾਪੇ ਕੰਮ 'ਤੇ ਵਾਪਸ ਆ ਸਕਣ ਅਤੇ ਸੂਬੇ ਵਿੱਚ ਆਰਥਿਕ ਵਿਕਾਸ ਨੂੰ ਵਧਾ ਸਕਣ। 2026 ਤੱਕ ਬਾਲ ਦੇਖਭਾਲ ਦੇ ਖੇਤਰ ਵਿੱਚ ਕੁੱਲ 68,700 ਤੱਕ ਨਵੇਂ ਲਾਇਸੰਸਸ਼ੁਦਾ ਸਥਾਨ ਪੈਦਾ ਕਰਨ ਦੀ ਵਚਨਬੱਧਤਾ ਨਾਲ, ਇਹਨਾਂ ਸਥਾਨਾਂ ਨੂੰ ਸਟਾਫ਼ ਦੇਣ ਲਈ ਸ਼ੁਰੂਆਤੀ ਬਚਪਨ ਨਾਲ ਸੰਬੰਧਤ ਲਗਭਗ 9,000 ਨਵੇਂ ਸਿੱਖਿਅਕਾਂ ਦੀ ਲੋੜ ਹੋਵੇਗੀ।

ਸ਼ੁਰੂਆਤੀ ਬਚਪਨ ਦੇ ਪ੍ਰਮਾਣਿਤ ਸਿੱਖਿਅਕ ਵਜੋਂ ਕਰੀਅਰ ਸ਼ੁਰੂ ਕਰਨ ਜਾਂ ਇਸ ਵਿੱਚ ਅੱਗੇ ਵਧਣ ਵਿੱਚ ਪਰਵਾਸੀ ਔਰਤਾਂ ਦੀ ਮਦਦ ਕਰਨ ਲਈ ਅਲਬਰਟਾ ਦੀ ਸਰਕਾਰ, ਸੰਘੀ ਸਰਕਾਰ ਨਾਲ ਭਾਈਵਾਲੀ ਵਿੱਚ ਇੱਕ ਪਾਇਲਟ ਪ੍ਰੋਜੈਕਟ ਲਈ ਕੈਲਗਰੀ ਇਮੀਗ੍ਰੈਂਟ ਵਿਮੈਨਜ਼ ਐਸੋਸੀਏਸ਼ਨ ਦੇ ਨਾਲ $1.4 ਮਿਲੀਅਨ ਤੋਂ ਵੱਧ ਦਾ ਨਿਵੇਸ਼ ਕਰ ਰਹੀ ਹੈ। ਇਹ ਪਾਇਲਟ ਪ੍ਰੋਜੈਕਟ ਰੁਕਾਵਟਾਂ ਨੂੰ ਦੂਰ ਕਰਨ ਅਤੇ ਸ਼ੁਰੂਆਤੀ ਬਚਪਨ ਦੀ ਪੋਸਟ-ਸੈਕੰਡਰੀ ਸਿੱਖਿਆ ਅਤੇ ਰੁਜ਼ਗਾਰ ਤੋ ਪਹਿਲਾਂ ਦੀ ਹੋਰ ਜ਼ਰੂਰੀ ਸਿਖਲਾਈ ਤੱਕ ਪਹੁੰਚ ਵਿੱਚ ਸੁਧਾਰ ਕਰਨ ਅਤੇ ਇਨ੍ਹਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ।

ਸ਼ੁਰੂਆਤੀ ਬਚਪਨ ਦੀ ਸਿੱਖਿਆ ਵਿੱਚ ਵਿਭਿੰਨ ਭਾਈਚਾਰਿਆਂ ਅਤੇ ਪਿਛੋਕੜਾਂ ਨਾਲ ਸੰਬੰਧ ਰੱਖਣ ਵਾਲੀਆਂ ਔਰਤਾਂ ਨੂੰ ਸਿਖਲਾਈ ਦੇ ਕੇ ਇਹ ਪ੍ਰੋਜੈਕਟ ਬੱਚਿਆਂ ਦੀ ਦੇਖਭਾਲ ਦੇ ਅਜਿਹੇ ਵਿਕਲਪਾਂ ਲਈ ਮਾਪਿਆਂ ਦੀ ਚੋਣ ਨੂੰ ਵੀ ਵਧਾਏਗਾ ਜਿਹੜੇ ਉਹਨਾਂ ਦੇ ਬੱਚਿਆਂ ਦੀਆਂ ਸੱਭਿਆਚਾਰਕ, ਭਾਸ਼ਾਈ ਅਤੇ ਸਿੱਖਣ ਸੰਬੰਧੀ ਲੋੜਾਂ ਨੂੰ ਪੂਰਾ ਕਰਦੇ ਹਨ।

ਪਾਇਲਟ ਪ੍ਰੋਜੈਕਟ ਬੋ ਵੈਲੀ ਕਾਲਜ ਦੇ ਨਾਲ ਭਾਈਵਾਲੀ ਵਿੱਚ ਹੈ, ਜੋ ਵਿਦਿਆਰਥੀਆਂ ਦੇ ਭਾਸ਼ਾਈ ਅਤੇ ਸਾਖਰਤਾ ਪੱਧਰਾਂ ਦੇ ਆਧਾਰ 'ਤੇ ਤਿੰਨ ਔਨਲਾਈਨ ਸਟ੍ਰੀਮਾਂ ਵਿੱਚ ਲੈਵਲ 1 ਅਤੇ 2 ਦੀ ਸ਼ੁਰੂਆਤੀ ਬਚਪਨ ਦੇ

### ਸੰਬੰਧਿਤ ਜਾਣਕਾਰੀ

### ਮਲਟੀਮੀਡੀਆ

[ਨਿਊਜ਼ ਕਾਨਫਰੰਸ ਨੂੰ ਸੁਣੋ]
[ਨਿਊਜ਼ ਕਾਨਫਰੰਸ ਵੇਖੋ]

### ਮੀਡੀਆ ਵੱਲੋਂ ਪੁੱਛਗਿੱਛ

Chinenye Anokwuru
Chinenye.Anokwuru@gov.ab.ca)
780-720-1915
ਸੀਨੀਅਰ ਪ੍ਰੈਸ ਸੈਕ੍ਰੇਟਰੀ, ਬਾਲ ਸੇਵਾਵਾਂ

ਸਿੱਖਿਅਕ ਸੰਬੰਧੀ ਸਿਖਲਾਈ ਪ੍ਰਦਾਨ ਕਰੇਗਾ।

ਇਹ ਪਰਵਾਸੀ ਔਰਤਾਂ ਨੂੰ ਕਰੀਅਰ ਵਿੱਚ ਸ਼ਾਮਲ ਕਰਦੇ ਸਮੇਂ ਉਹਨਾਂ ਲਈ ਕਿਰਤ-ਬਜ਼ਾਰ ਤੱਕ ਰੁਕਾਵਟ-ਮੁਕਤ ਪਹੁੰਚ ਦਾ ਸਮਰਥਨ ਕਰਨ ਲਈ ਤਿਆਰ ਕੀਤਾ ਗਿਆ ਹੈ, ਜੋ ਕਿ ਅਰਥ-ਵਿਵਸਥਾ ਅਤੇ ਅਲਬਰਟਾ ਦੇ ਲਾਇਸੰਸਸ਼ੁਦਾ ਬਾਲ ਦੇਖਭਾਲ ਦੇ ਖੇਤਰ ਨੂੰ ਮਜ਼ਬੂਤ ਕਰੇਗਾ।

ਇਹ ਸਿਖਲਾਈ ਲਗਭਗ 230 ਪਰਵਾਸੀ ਔਰਤਾਂ ਨੂੰ ਪ੍ਰਦਾਨ ਕੀਤੀ ਜਾਵੇਗੀ ਅਤੇ ਇਹ ਵਰਚੁਅਲ ਡਿਲੀਵਰੀ ਮਾਡਲ ਦੀ ਵਰਤੋਂ ਕਰਦੀ ਹੈ ਤਾਂ ਜੋ ਵਿਦਿਆਰਥੀ ਆਪਣੀਆਂ ਵਿਅਕਤੀਗਤ ਲੋੜਾਂ ਅਨੁਸਾਰ ਅਨੁਕੂਲਿਤ ਸਿਖਲਾਈ ਪ੍ਰਾਪਤ ਕਰ ਸਕਣ। ਪਾਇਲਟ ਪ੍ਰੋਜੈਕਟ ਗਾਹਕਾਂ ਲਈ ਨੌਕਰੀ ਦੀਆਂ ਪਲੇਸਮੈਂਟ ਸੇਵਾਵਾਂ ਦਾ ਵੀ ਸਮਰਥਨ ਕਰੇਗਾ।

ਅਲਬਰਟਾ-ਕੈਨੇਡਾ ਕੈਨੇਡਾ-ਵਿਆਪੀ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ (Alberta-Canada Early Learning and Child Care, ACELCC) ਸਮਝੌਤੇ ਦੁਆਰਾ ਫੰਡ ਕੀਤਾ ਗਿਆ, ਇਹ ਪਾਇਲਟ ਪ੍ਰੋਜੈਕਟ ਬਹੁਤ ਸਾਰੀਆਂ ਕਾਰਵਾਈਆਂ ਵਿੱਚੋਂ ਇੱਕ ਹੈ ਜੋ ਪੋਸਟ-ਸੈਕੰਡਰੀ ਸ਼ੁਰੂਆਤੀ ਬਚਪਨ ਦੀ ਸਿੱਖਿਆ ਦੇ ਪ੍ਰੋਗਰਾਮਾਂ ਤੱਕ ਵਧੀ ਹੋਈ ਪਹੁੰਚ ਪ੍ਰਦਾਨ ਕਰਨਾ ਅਤੇ ਇਸ ਨੂੰ ਪੂਰਾ ਕਰਨ ਲਈ ਸਹਾਇਤਾ ਕਰਨਾ ਜਾਰੀ ਰੱਖੇਗਾ, ਅਤੇ ਅਲਬਰਟਾ ਦੀ ਬਾਲ-ਸੰਭਾਲ ਪ੍ਰਣਾਲੀ ਦੇ ਵਿਕਾਸ ਵਿੱਚ ਸਹਾਇਤਾ ਕਰਨ ਲਈ ਸ਼ੁਰੂਆਤੀ ਬਚਪਨ ਦੇ ਸਿੱਖਿਅਕਾਂ ਨੂੰ ਆਕਰਸ਼ਿਤ ਕਰਨ, ਬਰਕਰਾਰ ਰੱਖਣ, ਸਿਖਲਾਈ ਦੇਣ ਅਤੇ ਪ੍ਰਮਾਣਿਤ ਕਰਨ ਵਿੱਚ ਮਦਦ ਕਰੇਗਾ।

## ਫੌਰੀ ਤੱਥ

- $3.8 ਬਿਲੀਅਨ ਦੇ ਅਲਬਰਟਾ-ਕੈਨੇਡਾ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ (ACELCC) ਸਮਝੌਤੇ ਦੇ ਹਿੱਸੇ ਵਜੋਂ, ਪੰਜ ਸਾਲਾਂ ਲਈ ਲਗਭਗ $300 ਮਿਲੀਅਨ ਬਾਲ ਦੇਖਭਾਲ ਓਪਰੇਟਰਾਂ ਦੀ ਸਹਾਇਤਾ ਲਈ ਅਲਾਟ ਕੀਤੇ ਗਏ ਹਨ ਤਾਂ ਜੋ ਸ਼ੁਰੂਆਤੀ ਬਚਪਨ ਦੇ ਵਧੇਰੇ ਸਿੱਖਿਅਕਾਂ ਨੂੰ ਨਿਯੁਕਤ ਕੀਤਾ ਜਾ ਸਕੇ ਅਤੇ ਜੋ ਸਿੱਖਿਅਕ ਪਹਿਲਾਂ ਹੀ ਪੂਰੇ ਸੂਬੇ ਵਿੱਚ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਬਰਕਰਾਰ ਰੱਖਿਆ ਜਾ ਸਕੇ।
- ਆਪਣੇ ਕੈਨੇਡਾ-ਵਿਆਪੀ ਸਮਝੌਤੇ ਦੇ ਹਿੱਸੇ ਵਜੋਂ ਅਲਬਰਟਾ ਨੇ ਇਹ ਯਕੀਨੀ ਬਣਾਉਣ ਲਈ ਵਚਨਬੱਧਤਾ ਦਿੱਤੀ ਹੈ ਕਿ ਅਲਬਰਟਾ ਵਿੱਚ ਬਾਲ ਦੇਖਭਾਲ ਸਾਡੇ ਸੂਬੇ ਵਿੱਚ ਵਿਭਿੰਨ ਭਾਈਚਾਰਿਆਂ ਅਤੇ ਖਾਸ ਲੋੜਾਂ ਨੂੰ ਦਰਸਾਉਂਦੀ ਹੈ।
  - $1.4 ਮਿਲੀਅਨ ਦੀ ਗ੍ਰਾਂਟ ਅਲਬਰਟਾ-ਕੈਨੇਡਾ ਕੈਨੇਡਾ-ਵਿਆਪੀ ਅਰਲੀ ਲਰਨਿੰਗ ਅਤੇ ਚਾਈਲਡ ਕੇਅਰ ਸਮਝੌਤੇ ਦੇ ਸਮਾਵੇਸ਼ ਥੰਮ੍ਹ ਰਾਹੀਂ ਫੰਡ ਕੀਤੀ ਜਾਵੇਗੀ।

- ਲਾਇਸੰਸਸ਼ੁਦਾ ਬਾਲ ਦੇਖਭਾਲ ਨੌਕਰੀ ਵਿੱਚ ਸਟਾਫ ਨੂੰ ਆਕਰਸ਼ਿਤ ਕਰਨ ਅਤੇ ਉਹਨਾਂ ਨੂੰ ਬਰਕਰਾਰ ਰੱਖਣ ਵਿੱਚ ਮਦਦ ਕਰਨ ਲਈ ਅਲਬਰਟਾ ਦੀ ਸਰਕਾਰ ਨੇ:
  - ਮੁਫਤ ਬਾਲ ਦੇਖਭਾਲ ਓਰੀਐਂਟੇਸ਼ਨ ਕੋਰਸ ਲੈਵਲ 1 ਲਈ ਦਾਖਲਾ ਸਮਰੱਥਾ ਨੂੰ 4,000 ਤੋਂ ਵਧਾ ਕੇ 10,000 ਸੀਟਾਂ ਕਰ ਦਿੱਤਾ ਹੈ।
  - ਸਰਟੀਫਿਕੇਸ਼ਨ ਪੱਧਰ ਦੇ ਆਧਾਰ 'ਤੇ ਤਨਖਾਹ ਦੇ ਟੌਪ-ਅਪਸ ਵਿੱਚ $2 ਤੱਕ (ਲੈਵਲ 1 ਲਈ $0.50, ਲੈਵਲ 2 ਲਈ $1, ਅਤੇ ਲੈਵਲ 3 ਲਈ $2) ਦਾ ਵਾਧਾ ਕੀਤਾ ਹੈ।

ਅਲਬਰਟਾ, 2026 ਤੱਕ ਲਾਇਸੰਸਸ਼ੁਦਾ ਚਾਈਲਡ ਕੇਅਰ ਲਈ ਬਾਲ ਦੇਖਭਾਲ ਫੀਸਾਂ ਨੂੰ ਘਟਾ ਕੇ ਔਸਤਨ $10 ਪ੍ਰਤੀ ਦਿਨ ਤੱਕਰਨ ਲਈ ਅਲਬਰਟਾ-ਕੈਨੇਡਾ ਕੈਨੇਡਾ-ਵਾਈਡ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਸਮਝੌਤੇ ਵਿਚਲੀ ਵਚਨਬੱਧਤਾ ਨੂੰ ਪੂਰਾ ਕਰਨ ਦੇ ਰਾਹ 'ਤੇ ਹੈ।